**SET-3**

**Series HRK**

**ਕੋਡ ਨੰ. 42/3**

Candidates must write the Code on the title page of the answer-book.

ਰੋਲ ਨੰਬਰ | | | | | | | |

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **7** ਪੰਨੇ **+ 2** ਨਕਸ਼ੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **30** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **7** printed pages **+ 2** Maps.
- Code number given on the right hand side of the question paper should be written on the title page of the answer-book by the candidate.
- Please check that this question paper contains **30** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸੰਕਲਿਤ ਪ੍ਰੀਖਿਆ – II

## SUMMATIVE ASSESSMENT – II

# ਸਮਾਜਿਕ ਵਿਗਿਆਨ

## (ਪੰਜਾਬੀ ਉਲਥਾ)

# SOCIAL SCIENCE

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 90*

*Time allowed : 3 hours* | *Maximum Marks : 90*

***ਵਿਆਪਕ ਨਿਰਦੇਸ਼ :***

*(i)* *ਇਸ ਪ੍ਰਸ਼ਨ ਪੱਤਰ ਵਿਚ ਕੁਲ **30** ਪ੍ਰਸ਼ਨ ਹਨ । ਸਾਰੇ ਪ੍ਰਸ਼ਨ **ਜ਼ਰੂਰੀ** ਹਨ ।*

*(ii)* *ਹਰ ਪ੍ਰਸ਼ਨ ਦੇ ਸਾਮ੍ਹਣੇ ਉਸ ਲਈ ਨਿਰਧਾਰਿਤ ਅੰਕ ਲਿੱਖੇ ਹੋਏ ਹਨ ।*

*(iii)* *ਪ੍ਰਸ਼ਨ ਸੰਖਿਆ **1** ਤੋਂ **8** ਤਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ **1** ਅੰਕ ਦਾ ਹੈ । ਇਨ੍ਹਾਂ ਵਿੱਚੋ ਹਰ ਇਕ ਪ੍ਰਸ਼ਨ ਦਾ ਉੱਤਰ **30** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(iv)* *ਪ੍ਰਸ਼ਨ ਸੰਖਿਆ **9** ਤੋਂ **20** ਤਕ ਹਰ ਇਕ ਪ੍ਰਸ਼ਨ **3** ਅੰਕ ਦਾ ਹੈ । ਇਨ੍ਹਾਂ ਵਿੱਚੋ ਹਰ ਇਕ ਪ੍ਰਸ਼ਨ ਦਾ ਉੱਤਰ **80** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(v)* *ਪ੍ਰਸ਼ਨ ਸੰਖਿਆ **21** ਤੋਂ **28** ਤਕ ਹਰ ਇਕ ਪ੍ਰਸ਼ਨ **5** ਅੰਕ ਦਾ ਹੈ । ਇਨ੍ਹਾਂ ਵਿੱਚੋ ਹਰ ਇਕ ਪ੍ਰਸ਼ਨ ਦਾ ਉੱਤਰ **120** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਸੰਖਿਆ **29** ਅਤੇ **30** ਇਤਿਹਾਸ ਅਤੇ ਭੂਗੋਲ ਦੇ ਮਾਨਚਿੱਤਰ ਸੰਬੰਧੀ ਪ੍ਰਸ਼ਨ **3-3** ਅੰਕ ਦੇ ਹਨ । ਭਰੇ ਹੋਏ ਮਾਨਚਿੱਤਰਾਂ ਨੂੰ ਆਪਣੀ ਉੱਤਰ ਪੁਸਤਿਕਾ ਦੇ ਅੰਦਰ ਨੱਥੀ ਕਰੋ ।*

1. ਸਤਿਆਗਰਿਹ ਦਾ ਕੀ ਅਰਥ ਹੈ ? *1*

2. ਅਗਨੀਮਈ (igneous) ਅਤੇ ਪਰਿਵਰਤਨਸ਼ੀਲ ਚੱਟਾਨਾ ਵਿਚ ਖਣਿਜ ਕਿੱਥੇ ਮਿਲਦੇ ਹਨ ? *1*

3. ਲੋਕਤੰਤਰ ਵਿਚ ਪਾਰਦਰਸ਼ਤਾ ਦਾ ਅਰਥ ਸਪਸ਼ਟ ਕਰੋ । *1*

4. ਪੈਕਟਾਂ ਉਪਰ ਛਪੇ ਵਧ ਤੋਂ ਵਧ ਪਰਚੂਨ ਕੀਮਤ ਤੁਹਾਡੇ ਲਈ ਕਿਵੇਂ ਲਾਭਦਾਇਕ ਹੈ ? *1*

5. ਖਪਤਕਾਰ (ਉਪਭੋਗਤਾ) ਦੇ ਚੁਣਨ ਦੇ ਅਧਿਕਾਰ ਦੀ ਉਲੰਘਣਾ ਦਾ ਇਕ ਉਦਾਹਰਣ ਦਿਓ । *1*

6. ਲੋਕਤੰਤਰ ਦੇ ਅਰਥ ਨੂੰ ਸਪਸ਼ਟ ਕਰੋ । *1*

7. ਭਾਰਤ ਦੇ ਕਿਸੇ ਇਕ ਰਾਜਨੀਤਕ ਦਲ ਦਾ ਨਾਮ ਲਿਖੋ ਜਿਸਦਾ ਜਨਮ ਅੰਦੋਲਨ ਤੋਂ ਹੋਇਆ ਹੋਵੇ । *1*

8. ਮੁਦਰਾ ਦੀ ਵਰਤੋਂ ਨੇ ਵਸਤੂ ਵਿਨਿਮੇ (ਵਸਤੂਆਂ ਦੇ ਲੈਣ ਦੇਣ) ਨੂੰ ਕਿਵੇਂ ਅਸਾਨ ਬਣਾ ਦਿੱਤਾ ? ਇਕ ਉਦਾਹਰਣ ਦਿਓ । *1*

9. ਉਪਭੋਗਤਾ ਸੁਰਖਿਆ ਅਧਿਨਿਯਮ (ਕੋਪਰਾ), 1986 ਦੇ ਅੰਤਰਗਤ ਉਪਭੋਗਤਾ ਵਿਵਾਦਾਂ ਨੂੰ ਨਿਬੇੜਨ ਦੇ ਲਈ ਤਿੰਨ ਕਤਾਰੀ ਨਿਆ ਅਦਾਲਤੀ ਤੰਤਰ ਦੀ ਮਹਤਤਾ ਦਾ ਵਿਸ਼ਲੇਸ਼ਣ ਕਰੋ । *3*

10. ਬਹੁਰਾਸ਼ਟਰੀ ਕੰਪਨੀਆਂ ਕਿਵੇਂ ਸੰਸਾਰ–ਭਰ ਦੇ ਉਤਪਾਦਨ ਨੂੰ ਇਕ ਦੂਸਰੇ ਦੇਸ਼ਾਂ ਵਿਚਕਾਰ ਜੋੜਦੀਆਂ ਹਨ ? ਉਦਾਹਰਣਾਂ ਦੇ ਕੇ ਸਪਸ਼ਟ ਕਰੋ । *3×1=3*

11. ਭਾਰਤ ਵਿਚ ਬੈਂਕਾਂ ਦੀ ਕਿਸੇ ਤਿੰਨ ਉਧਾਰ ਸੰਬੰਧੀ ਸਰਗਰਮੀਆਂ ਨੂੰ ਸਪਸ਼ਟ ਕਰੋ । *3×1=3*

12. ਦਬਾਵ-ਸਮੂਹ ਅਤੇ ਅੰਦੋਲਨ ਕਿਵੇਂ ਲੋਕਤੰਤਰ ਨੂੰ ਮਜਬੂਤ ਕਰਦੇ ਹਨ ? ਸਪਸ਼ਟ ਕਰੋ । *3×1=3*

13. ''ਭਾਰਤ ਵਿਚ ਖਣਿਜਾਂ ਦੀ ਵੰਡ ਅਸਮਾਨ (ਇਕ ਜਹੀ ਨਹੀਂ) ਹੈ ।'' ਉਦਾਹਰਣਾਂ ਦੇ ਕੇ ਇਸ ਕਥਨ ਦੀ ਪੁਸ਼ਟੀ ਕਰੋ । *3×1=3*

14. 'ਸੁਨੈਹਰੀ ਚਤੁਰਭੁਜ' ਮਹਾਂ-ਰਾਜਮਾਰਗਾਂ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦਾ ਮੁਲੰਕਣ ਕਰੋ । *3×1=3*

15. ਲੋਕਤੰਤਰ ਵਿਚ ਵਿਰੋਧੀ ਪੱਖ ਰਾਜਨੀਤਕ ਦਲਾਂ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰੋ । *3×1=3*

16. 1830 ਦੇ ਦਹਾਕੇ ਵਿਚ ਯੂਰੋਪ ਵਿਚ ਆਈਆਂ ਕਿਸੇ ਤਿੰਨ ਆਰਥਕ ਮੁਸ਼ਕਲਾਂ ਦਾ ਵਰਣਨ ਕਰੋ । *3×1=3*

**ਜਾਂ**

ਸਿਖਿਆ ਦੇ ਖੇਤਰ ਵਿਚ ਫਰਾਂਸੀਸਿਆਂ ਨੂੰ ਵਿਯਤਨਾਮ ਵਿਚ ਆਈਆਂ ਕਿਸੇ ਤਿੰਨ ਸਮਸਿਆਵਾਂ ਦਾ ਵਰਣਨ ਕਰੋ ।

17. ਲੋਕਤੰਤਰਾਤਮਕ ਵਿਵਸਥਾ ਤੋਂ ਕਿਹੜੇ ਮੁੱਲਾਂ ਦੇ ਅਧਾਰ ਤੇ ਇਹ ਉਮੀਦ ਕਰਨਾ ਉੱਚਤ ਹੈ ਕਿ ਉਹ ਇਕ ਸਦਭਾਵਪੂਰਨ ਸਮਾਜਕ ਜੀਵਨ ਉਪਲਬਦ ਕਰਵਾਏਗੀ ? ਸਪਸ਼ਟ ਕਰੋ । *3×1=3*

18. ਫਰਵਰੀ, 1922 ਵਿਚ ਗਾਂਧੀਜੀ ਨੇ 'ਨਾਮਿਲਵਰਤਨ (ਅਸਹਿਯੋਗ) ਅੰਦੋਲਨ' ਨੂੰ ਵਾਪਿਸ ਲੈਣ ਦਾ ਫੈਸਲਾ ਕਿਉਂ ਕੀਤਾ ? ਕੋਈ ਤਿੰਨ ਕਾਰਨ ਸਪਸ਼ਟ ਕਰੋ । *3×1=3*

19. 'ਸਵਿਨੇ ਅਵਗਿਆ ਅੰਦੋਲਨ' (ਸਿਵਲ ਨਾਫ਼ਰਮਾਨੀ ਅੰਦੋਲਨ) ਵਿਚ ਕਾਰੋਬਾਰੀ ਵਰਗ ਦੀ ਭੂਮਿਕਾ ਦਾ ਮੁਲੰਕਣ ਕਰੋ । *3*

20. ਭਾਰਤ ਵਿਚ ਦੁਰਗ-ਬਸਤਰ-ਚੰਦਰਪੁਰ ਲੋਹਾ ਕੱਚੀ ਧਾਤ ਪੇਟੀ (ਖੇਤਰ) ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । *3×1=3*

21. ਉਦਾਰੀਕਰਨ ਕਿਸ ਨੂੰ ਕਹਿੰਦੇ ਹਨ ? ਭਾਰਤੀ ਅਰਥ ਵਿਵਸਥਾ ਉਪਰ ਉਦਾਰੀਕਰਨ ਦੇ ਕਿਸੇ ਚਾਰ ਪ੍ਰਭਾਵਾਂ ਦਾ ਵਰਣਨ ਕਰੋ । *1+4=5*

22. ਛੂਆਛੂਤ ਦੀ ਸਮਸਿਆ ਨੂੰ ਖਤਮ ਕਰਨ ਦੇ ਲਈ ਗਾਂਧੀਜੀ ਦੇ ਰਾਹੀਂ ਕੀਤੀਆਂ ਗਈਆਂ ਕੋਸ਼ਿਸ਼ਾਂ ਦੀ ਵਿਆਖਿਆ ਕਰੋ । *5×1=5*

23. ਭਾਰਤ ਵਿਚ ਉਦਯੋਗਾਂ ਦੀ ਸਥਾਨਕਤਾ ਨੂੰ ਪ੍ਰਭਾਵਤ ਕਰਨ ਵਾਲੇ ਕਿਸੇ ਪੰਜ ਕਾਰਕਾਂ ਦੀ ਪਰਖ ਕਰੋ । *5×1=5*

24. ਭਾਰਤੀ ਅਰਥ ਵਿਵਸਥਾ ਉਪਰ ਵਿਸ਼ਵੀਕਰਨ ਦੇ ਕਿਸੇ ਪੰਜ ਸਕਾਰਾਤਮਕ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰੋ । *5×1=5*

25. ''ਰਾਸ਼ਟਰਵਾਦ ਦੀ ਪੈਹਲੀ ਸਪਸ਼ਟ ਅਭਿਵਿਅਕਤੀ 1789 ਵਿਚ 'ਫਰਾਂਸੀਸੀ ਕਰਾਂਤੀ' ਦੇ ਨਾਲ ਹੋਈ ।'' ਇਸ ਕਥਨ ਦੀ ਪਰਖ ਕਰੋ । *5×1=5*

**ਜਾਂ**

ਉਨ੍ਹਾਂ ਕਾਰਨਾਂ ਦੀ ਪਰਖ ਕਰੋ ਜਿਨ੍ਹਾਂ ਨੇ ਅਮੇਰਿਕਾ ਨੂੰ ਵਿਯਤਨਾਮ ਦੇ ਵਿਰੁਧ ਯੁੱਧ ਤੋਂ ਹਟਣ ਦੇ ਲਈ ਮਜਬੂਰ ਕੀਤਾ ।

26. ''ਸਾਰੇ ਦੇਸ਼ਾਂ ਅਤੇ ਸਾਰੇ ਹਾਲਾਤਾਂ ਵਿਚ ਕੋਈ ਭੀ ਦਲੀ ਵਿਵਸਥਾ ਆਦਰਸ਼ ਨਹੀਂ ਹੈ ।'' ਕਥਨ ਦਾ ਵਿਸ਼ਲੇਸ਼ਣ ਕਰੋ । *5×1=5*

27. ਭਾਰਤੀ ਅਰਥ ਵਿਵਸਥਾ ਵਿਚ ਰਸਾਇਣ ਉਦਯੋਗ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰੋ । *5×1=5*

28. ਲੋਕਤੰਤਰ ਦੀਆਂ ਕਿਸੇ ਪੰਜ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । *5×1=5*

**29.** ਤਿੰਨ ਲੱਛਣਾਂ A, B ਅਤੇ C, **ਭਾਰਤ** ਦੇ ਦਿੱਤੇ ਹੋਏ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 9 ਤੇ) ਵਿਚ ਅੰਕਿਤ ਕੀਤੇ ਗਏ ਹਨ । ਇਨ੍ਹਾਂ ਲੱਛਣਾਂ ਨੂੰ ਹੇਠ ਦਿੱਤੀ ਜਾਣਕਾਰੀ ਦੀ ਮਦਦ ਨਾਲ ਪਛਾਣੋ ਅਤੇ ਇਨ੍ਹਾਂ ਦੇ ਸਹੀ ਨਾਮ, ਮਾਨਚਿੱਤਰ ਵਿਚ ਖਿੱਚੀਆਂ ਹੋਈਆਂ ਰੇਖਾਵਾਂ ਤੇ ਲਿੱਖੋ : *3×1=3*

A. ਉਹ ਨਗਰ ਜੋ ਜਲਿਆਂਵਾਲਾ ਬਾਗ ਦੇ ਕਤਲੇਆਮ ਨਾਲ ਜੁੜਿਆ ਹੈ ।

B. ਉਹ ਥਾਂ ਜਿਥੇ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਜਲਾਸ (ਅਧਿਵੇਸ਼ਨ) ਹੋਇਆ ਸੀ ।

C. ਉਹ ਥਾਂ ਜਿਥੇ ਗਾਂਧੀਜੀ ਨੇ ਨਮਕ ਕਨੂੰਨ ਤੋੜਿਆ ਸੀ ।

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 29 ਦੇ ਥਾਂ ਬਦਲਵੇਂ ਪ੍ਰਸ਼ਨ ਹਨ :*

(29.1) ਜਲਿਆਂਵਾਲਾ ਬਾਗ ਦੀ ਘਟਨਾਂ ਨਾਲ ਜੁੜੇ ਸ਼ਹਿਰ ਦਾ ਨਾਮ ਲਿੱਖੋ ।

(29.2) ਉਸ ਰਾਜ ਦਾ ਨਾਮ ਲਿੱਖੋ ਜਿੱਥੇ ਨੀਲ ਦੀ ਖੇਤੀ ਕਰਨ ਵਾਲਿਆਂ ਨੇ ਸਤਿਆਗ੍ਰਹਿ ਕੀਤਾ ਸੀ ।

(29.3) ਉਸ ਥਾਂ ਦਾ ਨਾਮ ਲਿੱਖੋ ਜਿੱਥੇ ਗਾਂਧੀਜੀ ਨੇ ਨਮਕ ਕਨੂੰਨ ਤੋੜਿਆ ਸੀ । *3×1=3*

**30.** **ਭਾਰਤ** ਦੇ ਦਿੱਤੇ ਗਏ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 11 ਤੇ) ਵਿਚ ਹੇਠ ਲਿਖਿਆਂ ਨੂੰ ਢੁਕਵੇਂ ਚਿਨਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *3×1=3*

A. ਨਰੋਰਾ – ਆਣਵਿਕ ਊਰਜਾ ਸੰਯੰਤ੍ਰ (ਨਿਯੂਕਲਿਅਰ ਪਾਵਰ ਪਲਾਂਟ)

B. ਤੂਤੀਕੋਰਿਨ – ਪ੍ਰਮੁਖ ਸਮੁੰਦਰੀ ਬੰਦਰਗਾਹ

C. ਭਿਲਾਈ – ਲੋਹਾ ਅਤੇ ਅਸਪਾਤ ਕਾਰਖਾਨਾ

*ਨੋਟ: ਹੇਠ ਲਿਖਿਆ ਪ੍ਰਸ਼ਨ ਕੇਵਲ* ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ 30 ਦੇ ਥਾਂ ਬਦਲਵੇਂ ਪ੍ਰਸ਼ਨ ਹਨ :*

(30.1) ਉਸ ਰਾਜ ਦਾ ਨਾਮ ਲਿੱਖੋ ਜਿੱਥੇ ਨਰੋਰਾ ਆਣਵਿਕ ਊਰਜਾ ਸੰਯੰਤ੍ਰ (ਨਿਯੂਕਲਿਅਰ ਪਾਵਰ ਪਲਾਂਟ) ਸਥਿਤ ਹੈ ।

(30.2) ਉਸ ਰਾਜ ਦਾ ਨਾਮ ਲਿੱਖੋ ਜਿੱਥੇ ਤੂਤੀਕੋਰਿਨ ਸਮੁੰਦਰੀ ਬੰਦਰਗਾਹ ਸਥਿਤ ਹੈ ।

(30.3) ਭਿਲਾਈ ਲੋਹਾ ਅਤੇ ਅਸਪਾਤ ਕਾਰਖਾਨਾ ਕਿਸ ਰਾਜ ਵਿਚ ਸਥਿਤ ਹੈ ? *3×1=3*

ਪ੍ਰਸ਼ਨ ਸੰ. 29 ਦੇ ਲਈ

## ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

## Outline Map of India (Political)



ਪ੍ਰਸ਼ਨ ਸੰ. 30. ਦੇ ਲਈ

## ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

## Outline Map of India (Political)

